# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.ਅਤੇ ਸੈ.ਸਿ.)**
**ਸਬੰਧਤ ਸਕੂਲ ਮੁੱਖੀ ਅਤੇ ਮੁੱਖ ਅਧਿਆਪਕ**
**ਪੰਜਾਬ।**

ਮੀਮੋ ਨੰ:2025/ ਐਨ.ਐਸ.ਕਿਉ.ਐਫ.(923838)/185406 ਮਿਤੀ: 03/07/2025

**ਵਿਸ਼ਾ:-PM shri ਸਕੀਮ ਤਹਿਤ 494 NSQF ਲੈਬਜ਼ ਲਈ ਸਾਲ 2025-26 ਵਿੱਚ NSQF ਅਧੀਨ Guest lecture ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।
2. PM shri ਸਕੀਮ ਤਹਿਤ 494 NSQF ਲੈਬਜ਼ (ਨੱਥੀ ਲਿਸਟ ਅਨੁਸਾਰ) ਵਿੱਚ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਕੂਲ ਵਿੱਚ ਇੱਕ ਤੋਂ ਤਿੰਨ ਵੱਖ-ਵੱਖ ਟਰੇਡਾਂ ਚੱਲ ਰਹੀਆਂ ਹਨ, ਜਿੱਥੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਟ੍ਰੇਨਰਾਂ ਵੱਲੋਂ ਵੋਕੇਸ਼ਨਲ ਸਿੱਖਿਆ ਦਿੱਤੀ ਜਾਂਦੀ ਹੈ।
3. ਵਿਦਿਆਰਥੀਆਂ ਨੂੰ ਹੋਰ ਵਧੀਆ ਤਰੀਕੇ ਨਾਲ ਸਿਖਲਾਈ ਦੇਣ ਲਈ ਇਸ ਸਕੀਮ ਵਿੱਚ ਬਾਹਰੋਂ ਫੈਕਲਟੀ/ਟ੍ਰੇਨਰ ਬੁਲਾ ਕੇ ਉਹਨਾਂ ਤੋਂ ਹਰ ਮਹੀਨੇ guest lecture ਪ੍ਰਤੀ ਜਮਾਤ ਪ੍ਰਤੀ ਲੈਕਚਰ ਕਰਵਾਉਣ ਦਾ ਉਪਬੰਧ ਹੈ, ਤਾਂ ਜੋ ਵਿਦਿਆਥੀਆਂ ਨੂੰ ਨਵੇਕਲੇ ਤਰੀਕੇ ਨਾਲ ਸਬੰਧਤ ਖੇਤਰ ਵਿੱਚ ਹੋ ਰਹੀਆਂ Innovations ਤੋਂ ਜਾਣੂ ਕਰਵਾਇਆ ਜਾ ਸਕੇ।
4. ਇਸ ਮੱਦ ਅਧੀਨ ਮਹੀਨਾ ਜੁਲਾਈ 2025 ਤੋਂ ਅਕਤੂਬਰ 2025 ਦੌਰਾਨ 494 ਵੋਕੇਸ਼ਨਲ ਲੈਬਜ਼ ਸਬੰਧੀ (9ਵੀਂ ਤੋਂ 12ਵੀਂ) ਚਾਰੇ ਜਮਾਤਾਂ ਦੇ ਵਿਦਿਆਰਥੀਆਂ ਨੂੰ ਗੈਸਟ ਲੈਕਚਰ ਕਰਵਾਉਣ ਲਈ ਹੇਠ ਦਿੱਤੇ ਟੇਬਲ ਅਨੁਸਾਰ ਰਾਸ਼ੀ ਭੇਜੀ ਜਾਵੇਗੀ। ਇੱਥੇ ਇਹ ਦੱਸਣਯੋਗ ਹੈ ਕਿ ਇਹ ਗਰਾਂਟ NSQF ਤਹਿਤ ਅਕਾਦਮਿਕ ਸਾਲ 2025-26 ਵਿੱਚ ਚੱਲ ਰਹੀਆਂ **PM shri ਸਕੀਮ ਤਹਿਤ** 494 ਲੈਬਜ਼ ਦੀਆਂ ਚਾਰੇ ਜਮਾਤਾਂ 9ਵੀਂ ਤੋਂ 12ਵੀਂ ਲਈ ਰੁਪਏ 500/-ਪ੍ਰਤੀ ਜਮਾਤ ਪ੍ਰਤੀ ਲੈਕਚਰ ਦੇ ਹਿਸਾਬ ਨਾਲ ਭੇਜੀ ਜਾਵੇਗੀ।

| S. No. | District | Total No. of Labs | Total amount to be disbursed to Districts for conducting Guest Lectures in the month of July 2025 to October 2025 (Rs. In Lakhs) |
|---|---|---|---|
| 1 | AMRITSAR | 38 | 3.04 |
| 2 | BARNALA | 18 | 1.44 |
| 3 | BATHINDA | 33 | 2.64 |
| 4 | FARIDKOT | 6 | 0.48 |

| | | | |
|---|---|---|---|
| 5 | FATEHGARH SAHIB | 8 | 0.64 |
| 6 | FAZILKA | 17 | 1.36 |
| 7 | FEROZEPUR | 28 | 2.24 |
| 8 | GURDASPUR | 39 | 3.12 |
| 9 | HOSHIARPUR | 28 | 2.24 |
| 10 | JALANDHAR | 24 | 1.92 |
| 11 | KAPURTHALA | 6 | 0.48 |
| 12 | LUDHIANA | 28 | 2.24 |
| 13 | Malerkotla | 7 | 0.56 |
| 14 | MANSA | 22 | 1.76 |
| 15 | MOGA | 22 | 1.76 |
| 16 | MUKTSAR | 14 | 1.12 |
| 17 | PATHANKOT | 24 | 1.92 |
| 18 | PATIALA | 49 | 3.92 |
| 19 | ROOPNAGAR | 13 | 1.04 |
| 20 | S.B.S. NAGAR | 10 | 0.8 |
| 21 | SANGRUR | 24 | 1.92 |
| 22 | SAS NAGAR | 17 | 1.36 |
| 23 | TARN TARAN | 19 | 1.52 |
| | **Grand Total** | **494** | **39.52** |

5. <u>ਸਕੂਲਾਂ ਵਿੱਚ ਗੈਸਟ ਲੈਕਚਰ ਕਰਵਾਉਣ ਸਬੰਧੀ ਹਦਾਇਤਾਂ</u>

- ਜੇਕਰ ਗੈਸਟ ਲੈਕਚਰਾਰ ਦੀ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਹੈ ਤਾਂ 300 ਰੁ: ਪ੍ਰਤੀ ਗੈਸਟ ਲੈਕਚਰ।
- ਜੇਕਰ ਗੈਸਟ ਲੈਕਚਰ ਦੀ ਵਿੱਦਿਅਕ ਯੋਗਤਾ ਪੋਸਟ- ਗ੍ਰੈਜੂਏਸ਼ਨ ਹੈ ਤਾਂ 500 ਰੁ: ਪ੍ਰਤੀ ਗੈਸਟ ਲੈਕਚਰ।
- ਜੇਕਰ ਕੋਈ Experienced Resource person ਹੈ ਜੋ ਕਿ ਪੜ੍ਹਿਆ ਲਿਖਿਆ ਨਹੀਂ ਵੀ ਹੈ ਪਰੰਤੂ ਸਬੰਧਤ ਟਰੇਡ ਵਿੱਚ 3 ਸਾਲ ਤੱਕ ਦਾ ਤਜਰਬਾ ਰੱਖਦਾ ਹੈ, ਤਾਂ 500 ਰੁ: ਪ੍ਰਤੀ ਗੈਸਟ ਲੈਕਚਰ। (MoE) ਦੀਆਂ ਹਦਾਇਤਾਂ ਅਨੁਸਾਰ Skilled Persons ਤੋਂ ਵੀ ਗੈਸਟ ਲੈਕਚਰ ਕਰਵਾਏ ਜਾ ਸਕਦੇ ਹਨ।

- ਗੈਸਟ ਲੈਕਚਰਾਰ ਦੇ honorarium ਦੀ ਅਦਾਇਗੀ ਸਮੱਗਰ ਸਿੱਖਿਆ ਦੇ ਨਿਯਮਾਂ ਅਨੁਸਾਰ ਅਦਾ ਕੀਤੀ ਜਾਵੇ ।
- ਸਕੂਲਾਂ ਵਿੱਚ ਵਾਊਚਰ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵੇਗੀ ।

6 ਸਮੂਹ ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਨੂੰ ਦੱਸਿਆ ਜਾਂਦਾ ਹੈ ਕਿ NSQF ਸਕੀਮ ਅਧੀਨ ਸਮੱਗਰ ਸਿੱਖਿਆ ਦੇ ਚੱਲ ਰਹੇ (PM Shri ਸਕੂਲਾਂ ਤੋਂ ਇਲਾਵਾ) ਸਕੂਲਾਂ ਨੂੰ ਜੁਲਾਈ 2025 ਤੋਂ ਅਕਤੂਬਰ 2025 ਤੱਕ ਗੈਸਟ ਲੈਕਚਰ ਲਈ ਰਾਸ਼ੀ ਭੇਜੀ ਜਾ ਚੁੱਕੀ ਹੈ। PM Shri ਅਧੀਨ ਆਉਂਦੇ ਸਕੂਲਾਂ ਨੂੰ ਭਾਰਤ ਸਰਕਾਰ ਤੋਂ ਗ੍ਰਾਂਟ ਪ੍ਰਾਪਤ ਹੋਣ ਤੇ ਜਲਦ ਭੇਜ ਦਿੱਤੀ ਜਾਵੇਗੀ।

7. ਸਮੂਹ ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਗੈਸਟ ਲੈਕਚਰ ਸਮਾਂ ਬੱਧ ਤਰਿਕੇ ਨਾਲ ਕਰਵਾ ਲਏ ਜਾਣ ਅਤੇ ਇਹਨਾਂ ਤੇ ਆਉਣ ਵਾਲਾ ਖਰਚਾ ਸਕੂਲ ਵਿੱਚ ਚੱਲ ਰਹੇ **Amalgamated ਫੰਡ ਵਿੱਚੋਂ ਕਰਵਾ ਲਿਆ ਜਾਵੇ ਅਤੇ ਗ੍ਰਾਂਟ ਪ੍ਰਾਪਤ ਹੋਣ ਤੇ ਇਸ ਮੰਤਵ ਲਈ ਖਰਚਿਆ ਪੈਸਾ Amalgamated ਫੰਡ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇ ।**

8. ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ, ਪੰਜਾਬ।**